ਸਿੰਚਾਈ ਵਿਭਾਗ

(ਸਿੰਚਾਈ ਪ੍ਰਸੋਨਲ-1 ਸ਼ਾਖਾ)

## ਦਫ਼ਤਰੀ ਹੁਕਮ

ਜਿਵੇਂ ਕਿ ਸਿੰਚਾਈ ਵਿਭਾਗ ਵਿੱਚ ਕੰਮ ਕਰਦੇ ਉਪ ਮੰਡਲ ਅਫ਼ਸਰਾਂ ਨੂੰ ਬਤੌਰ ਕਾਰਜਕਾਰੀ ਇੰਜੀਨੀਅਰ ਪੱਦ-ਉਨਤ ਕਰਨ ਲਈ ਮਿਤੀ 15.02.2016 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਪ੍ਰਸੋਨਲ ਵਿਭਾਗ ਦਾ ਨੁਮਾਇੰਦਾ ਹਾਜ਼ਰ ਨਾ ਹੋਣ ਕਾਰਨ, ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਨੰ: 03/18/2009-2ਪੀਪੀ1/558 ਮਿਤੀ 23.08.2010 ਦੇ ਸਨਮੁੱਖ ਇਹ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਇਨਵੈਲਿਡ ਹੋ ਗਈ ਸੀ। ਇਸ ਲਈ ਸਰਕਾਰ ਦੇ ਪੱਤਰ ਨੰ: 3/19/2015-2ਸਿੰ:ਪ੍ਰੋ:1/785929/1-4 ਮਿਤੀ 29.06.2016 ਰਾਹੀਂ ਇਸ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਨੂੰ ਰੱਦ ਕਰ ਦਿੱਤਾ ਗਿਆ ਸੀ ਅਤੇ ਸਬੰਧਤ ਧਿਰਾਂ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਸੀ।

2. ਜਿਵੇਂ ਕਿ ਸ੍ਰੀ ਗੁਰਮੀਤ ਸਿੰਘ, ਉਪ ਮੰਡਲ ਅਫਸਰ ਵੱਲੋਂ ਆਪਣੀ ਬਤੌਰ ਕਾਰਜਕਾਰੀ ਇੰਜੀਨੀਅਰ ਪਦ-ਉਨਤੀ ਲੈਣ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 11080/2016-ਗੁਰਮੀਤ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਦਾਇਰ ਕੀਤੀ ਗਈ ਸੀ। ਇਸ ਸਿਵਲ ਰਿੱਟ ਪਟੀਸ਼ਨ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਮਿਤੀ 16.06.2016 ਰਾਹੀਂ ਹੇਠ ਲਿਖੇ ਹੁਕਮ ਕੀਤੇ ਗਏ ਸਨ:-

> **"Elaborate reply has been filed by respondents.**
>
> **The writ petitioner, who is going to retire on 30.06.2016, participated in a meeting of the DPC held on 15.02.2016 for promotion to the post of Executive Engineer. The grievance of the writ petitioner is that the outcome of the above DPC meeting has not been finalized by the 2nd respondent.**
>
> **Considering the fact that the writ petitioner, who participated in the DPC meeting held on 15.02.2016, is retiring on 30.06.2016, a direction is issued to the 2nd respondent to finalize the outcome of the DPC meeting held on 15.02.2016 within a one week from the date of this order.**
>
> **With the above direction, the writ petition stands disposed of."**

3. ਜਿਵੇਂ ਕਿ ਪਟੀਸ਼ਨਰ ਸ੍ਰੀ ਗੁਰਮੀਤ ਸਿੰਘ, ਉਪ ਮੰਡਲ ਅਫਸਰ ਵੱਲੋਂ ਸੀ.ਓ.ਸੀ.ਪੀ. ਨੰ: 1455/2016, ਇਨ ਸਿਵਲ ਰਿੱਟ ਪਟੀਸ਼ਨ ਨੰ: 11080/2016-ਗੁਰਮੀਤ ਸਿੰਘ ਬਨਾਮ ਪੰਜਾਬ ਸਰਕਾਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਾਇਰ ਕੀਤੀ ਗਈ ਸੀ, ਜੋ ਕਿ ਮਾਨਯੋਗ ਅਦਾਲਤ ਵਿਖੇ ਅਜੇ ਸੁਣਵਾਈ ਅਧੀਨ ਹੈ।

4. ਜਿਵੇਂ ਕਿ ਸਿਵਲ ਰਿੱਟ ਪਟੀਸ਼ਨ ਨੰ: 11080/2016-ਗੁਰਮੀਤ ਸਿੰਘ ਬਨਾਮ ਪੰਜਾਬ ਸਰਕਾਰ ਵਿੱਚ ਮਾਨਯੋਗ ਕੋਰਟ ਵੱਲੋਂ ਮਿਤੀ 16.06.2016 ਨੂੰ ਕੀਤੇ ਗਏ ਹੁਕਮਾਂ ਵਿਰੁੱਧ ਰੀਵਿਊ ਐਪਲੀਕੇਸ਼ਨ/ਸੀ.ਐਮ. ਦਾਇਰ ਕੀਤੀ ਹੋਈ ਹੈ, ਜੋ ਕਿ ਅਜੇ ਤੱਕ ਮਾਨਯੋਗ ਹਾਈਕੋਰਟ ਵਿਖੇ ਲੰਬਿਤ ਹੈ।

5. ਹੁਣ ਸਿਵਲ ਰਿੱਟ ਪਟੀਸ਼ਨ ਨੰ: 11080/2016-ਗੁਰਮੀਤ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿੱਚ ਮਿਤੀ 16.06.2016 ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਕੀਤੇ ਗਏ ਹੁਕਮਾਂ ਦੀ ਪਾਲਣਾਂ ਅਤੇ ਸੀ.ਓ.ਸੀ.ਪੀ. ਨੰ: 1455/2016-ਪੰਜਾਬ ਸਰਕਾਰ ਅਤੇ ਹੋਰ ਦੇ ਮਾਨਯੋਗ ਕੋਰਟ ਵਿੱਚ ਸੁਣਵਾਈ ਅਧੀਨ ਹੋਣ ਕਰਕੇ ਪਟੀਸ਼ਨਰ ਸ੍ਰੀ ਗੁਰਮੀਤ ਸਿੰਘ, ਉਪ ਮੰਡਲ ਅਫਸਰ ਨੂੰ ਮਿਤੀ

23.06.2016 ਤੋਂ ਬਤੌਰ ਕਾਰਜਕਾਰੀ ਇੰਜੀਨੀਅਰ ਤਨਖਾਹ ਸਕੇਲ 15600-39100+7600 (ਗ੍ਰੇਡ-ਪੇਅ) ਵਿੱਚ ਪਦ-ਉਨਤ ਕੀਤਾ ਜਾਂਦਾ ਹੈ।

5. ਇਹ ਪਦ-ਉਨਤੀ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਹੋਵੇਗੀ:-

ੳ) ਇਹ ਪੱਦ-ਉਨਤੀ ਸੀਨੀਆਰਤਾ ਸਬੰਧੀ ਕੋਰਟ ਕੇਸ ਜਾਂ ਕਿਸੇ ਹੋਰ ਕੋਰਟ ਕੇਸ ਆਦਿ ਵਿੱਚ ਕੋਈ ਫੈਸਲਾ ਹੁੰਦਾ ਹੈ ਤਾਂ ਉਸ ਕੇਸ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਵੇਗੀ;

ਅ) ਇਹ ਪਦ-ਉਨਤੀ ਰਾਖਵੇਂਕਰਨ ਸਬੰਧੀ 85ਵੀਂ ਸੰਵਿਧਾਨਿਕ ਤਰਮੀਮ ਸਬੰਧੀ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਜਾਣ ਵਾਲੀਆਂ ਪਾਲਿਸੀਆਂ/ਹਦਾਇਤਾਂ ਤੇ ਅਧਾਰਿਤ ਹੋਵੇਗੀ;

ੲ) ਸਰਕਾਰ ਦੀਆਂ ਹਦਾਇਤਾਂ ਨੰ: 3/41/2002-3ਪੀਪੀ1, ਮਿਤੀ 04.06.2002 ਦੇ ਸਨਮੁੱਖ ਉਕਤ ਅਧਿਕਾਰੀ/ਪਟੀਸ਼ਨਰ ਦੀ ਪਦ-ਉਨਤੀ ਕਾਰਨ ਫੀਡਰ ਕਾਡਰ ਦੀ ਸਭ ਤੋਂ ਹੇਠਲੇ ਕਾਡਰ ਦੀ ਖਾਲ੍ਹੀ ਹੋਈ ਅਸਾਮੀ ਖਤਮ ਸਮਝੀ ਜਾਵੇਗੀ;

ਸ) ਪੱਦ-ਉਨਤ ਹੋਣ ਵਾਲੇ ਅਧਿਕਾਰੀ/ਪਟੀਸ਼ਨਰ ਨੂੰ ਜੁਆਇੰਨ ਕਰਨ ਦੀ ਮਿਤੀ ਤੋਂ ਬਤੌਰ ਕਾਰਜਕਾਰੀ ਇੰਜੀਨੀਅਰ ਇੱਕ ਸਾਲ ਦੇ ਪਰਖ਼ ਕਾਲ ਦੇ ਸਮੇਂ ਤੇ ਰੱਖਿਆ ਜਾਵੇਗਾ;

ਹ) ਜੇਕਰ ਪੱਦ-ਉਨਤ ਹੋਣ ਵਾਲੇ ਅਧਿਕਾਰੀ/ਪਟੀਸ਼ਨਰ ਦੇ ਸੇਵਾ ਰਿਕਾਰਡ ਵਿੱਚ ਕੋਈ ਖਾਮੀ/ਕਲੈਰੀਕਲ ਗਲ੍ਤੀ ਸਰਕਾਰ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਇਸ ਪੱਦ-ਉਨਤੀ ਤੇ ਮੁੜ ਵਿਚਾਰ ਕੀਤਾ ਜਾ ਸਕਦਾ ਹੈ;

ਕ) ਇਹ ਪੱਦ-ਉਨਤੀ ਪਟੀਸ਼ਨਰ ਦੇ ਕਾਰਜਕਾਰੀ ਇੰਜੀਨੀਅਰ ਦੀ ਅਸਾਮੀ ਦਾ ਚਾਰਜ ਸੰਭਾਲਣ ਦੀ ਮਿਤੀ ਤੋਂ ਪ੍ਰਭਾਵਿਤ ਹੋਵੇਗੀ;

ਇੰਜੀਨੀਅਰ, ਸਿੰਚਾਈ ਵਿਭਾਗ, ਪੰਜਾਬ ਚੰਡੀਗੜ੍ਹ 1208 17 FEB 2017

6. ਇਹ ਪਦ-ਉਨਤੀ ਦੇ ਹੁਕਮ ਕੇਵਲ ਪਟੀਸ਼ਨਰ ਤੇ ਹੀ ਲਾਗੂ ਹੋਣਗੇ ਅਤੇ ਇਸ ਪੱਦ-ਉਨਤੀ ਨੂੰ ਨਜ਼ੀਰ ਨਹੀਂ ਮੰਨਿਆ ਜਾਵੇਗਾ।

ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ ਚੰਡੀਗੜ੍ਹ ਡਾਇਰੀ ਨੰ. 146 ਮਿਤੀ 17-02-17

ਕਾਹਨ ਸਿੰਘ ਪੰਨੂੰ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ, ਚੰਡੀਗੜ੍ਹ:
15 ਫਰਵਰੀ, 2017

ਪਿੱਠ ਅੰਕਣ ਨੰ: 20/09/2016-2ਸਿੰਪ੍ਰੋ(1)/ 924480/4 ਮਿਤੀ, ਚੰਡੀਗੜ੍ਹ: 15-02-2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
2) ਸਮੂਹ ਮੁੱਖ ਇੰਜੀਨੀਅਰ/ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
3) ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ;
4) ਇੰਚਾਰਜ ਕੰਪਿਊਟਰ ਸੈੱਲ, ਮੁੱਖ ਦਫ਼ਤਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
5) ਪਟੀਸ਼ਨਰ ਸ੍ਰੀ ਗੁਰਮੀਤ ਸਿੰਘ, ਉਪ ਮੰਡਲ ਅਫ਼ਸਰ ਪੁੱਤਰ ਲੇਟ ਸ੍ਰੀ ਪ੍ਰੀਤਮ ਸਿੰਘ, ਵਾਸੀ ਮਕਾਨ ਨੰ: 64, ਸੰਨੀ ਇਨਕਲੈਵ, ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ (ਮੁਹਾਲੀ)।

ਕੰਪਿਊਟਰ ਸੈੱਲ

ਸੁਪਰਡੰਟ

ਅੰਦਰੂਨੀ ਵੰਡ:

- ਨਿੱ:ਸ:/ਮਾਨਯੋਗ ਸਿੰਚਾਈ ਮੰਤਰੀ;
- ਨਿੱ:ਸ:/ਮਾਨਯੋਗ ਪ੍ਰਮੁੱਖ ਸਕੱਤਰ, ਸਿੰਚਾਈ; ਅਤੇ
- ਨਿੱ:ਸ:/ਮਾਨਯੋਗ ਸਕੱਤਰ, ਸਿੰਚਾਈ।